# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।
# ਪ੍ਰੈਸ ਨੋਟ

## ਵਾਰਡ ਨੰਬਰ 34 ਦੇ ਮੁਹੱਲਾ ਕੱਚਾ ਢੋਬਾ ਵਿਖੇ 20.77 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਇਲਾਂ ਲਗਾਉਣ ਦੇ ਕੰਮ ਦੀ ਮੇਅਰ ਸ਼ਿਵ ਸੂਦ ਨੇ ਕੀਤੀ ਸ਼ੂਰੂਆਤ

ਹੁਸ਼ਿਆਰਪੁਰ 21 ਜੂਨ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਵਾਰਡ ਨੰ: 34 ਦੇ ਮੁਹੱਲਾ ਕੱਚਾ ਢੋਬਾ ਸਰਵ ਦੇਵ ਸ਼ਿਵ ਮੰਦਰ ਵਾਲੀ ਗਲੀ ਵਿਖੇ 20.77 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਇਲਾਂ ਦੀਆਂ ਬਣਨ ਵਾਲੀਆਂ ਗਲੀਆਂ ਦੇ ਕੰਮ ਦੀ ਸ਼ੁਰੂਆਤ ਕੌਂਸਲਰ ਸੁਨੀਤਾ ਦੂਆ ਦੀ ਹਾਜ਼ਰੀ ਵਿਚ ਰੀਬਨ ਕੱਟ ਕੇ ਕਰਨ ਉਪਰੰਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਗਰ ਨਿਗਮ ਦੇ ਵੱਖ-ਵੱਖ ਵਾਰਡਾਂ ਵਿਚ ਇੰਟਰਲਾਕਿੰਗ ਟਾਈਲਾਂ ਨਾਲ ਗਲੀਆਂ ਦੇ ਨਿਰਮਾਣ ਤੇ 11 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ ਅਤੇ ਕੀਤੇ ਜਾ ਰਹੇ ਵਿਕਾਸ ਕਾਰਜਾਂ ਵਿਚ ਉੱਚ-ਕੁਆਲਟੀ ਦਾ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ। ਇਸ ਨੂੰ ਯਕੀਨੀ ਬਣਾਉਣ ਲਈ ਅਚਨਚੇਤ ਚੈਕਿੰਗ ਵੀ ਕੀਤੀ ਜਾ ਰਹੀ ਹੈ। ਉਹਨਾ ਕਿਹਾ ਕਿ ਮੁਹੱਲਾ ਨਿਵਾਸੀ ਗਲੀ ਦੇ ਨਿਰਮਾਣ ਦਾ ਕੰਮ ਆਪਣੀ ਹਾਜ਼ਰੀ ਵਿਚ ਕਰਵਾਉਣ ਅਤੇ ਜੇ ਕੋਈ ਕਮੀ ਨਜਰ ਆਵੇ ਤਾ ਉਹਨਾਂ ਦੇ ਧਿਆਨ ਵਿਚ ਲਿਆਉਣ।

ਵਾਰਡ ਨੰ: 34 ਦੇ ਕੌਂਸਲਰ ਸੁਨੀਤਾ ਦੂਆ ਨੇ ਮੇਅਰ ਸ਼ਿਵ ਸੂਦ ਵੱਲੋਂ ਇੰਟਰਲਾਕਿੰਗ ਟਾਇਲਾਂ ਨਾਲ ਗਲੀਆਂ ਨੂੰ ਪੱਕਾ ਕਰਨ ਦੇ ਕੰਮ ਦੀ ਸ਼ੁਰੂਆਤ ਕਰਨ ਲਈ ਉਹਨ੍ਹਾਂ ਦਾ ਧੰਨਵਾਦ ਕੀਤਾ। ਨਗਰ ਨਿਗਮ ਦੇ ਜੇ.ਈ ਲਵਦੀਪ ਸਿੰਘ, ਗੁਰਪ੍ਰੀਤ ਸਿੰਘ, ਕੋਸਲਰ ਸਰਬਜੀਤ ਸਿੰਘ, ਸਾਬਕਾ ਕੋਂਸਲਰ ਸੰਜੀਵ ਦੂਆ, ਕਮਲ ਸਿੰਗਲਾ, ਨਰਿੰਦਰ ਦੂਆ, ਬਲਰਾਮ ਜੱਗੀ, ਪੰਡਤ ਰਕੇਸ਼ ਸ਼ਰਮਾ, ਕਮਲ ਜੈਨ, ਮਨੋਜ਼ ਓਹਰੀ, ਅਮਿਤ ਜੈਨ, ਸ਼ਰਿਆਂਸ਼ ਜੈਨ, ਗੋਰਵ ਗਰਗ, ਰਾਜ ਦੁਲਾਰੀ ਓਹਰੀ, ਪੂਨਮ ਸਿੰਗਲਾ, ਪੂਰਨੀਮਾ ਕਪੂਰ, ਪਰਦੀਪ ਕਪੂਰ ਅਤੇ ਮੁਹੱਲਾ ਨਿਵਾਸੀ ਵੱਡੀ ਗਿਣਤੀ ਵਿਚ ਹਾਜ਼ਰ ਸਨ।